ਬੜਾ ਵਧੀਆ

ਨਾਵਲ

ਅਵਨਰੰਜਨੀ

ਮਹਿੰਦਰ ਕੁਮਾਰ

G 541

ਭਾਗ ਤੀਜਾ

ਪੰਜਾਬੀ ਉਲਥਾਕਾਰ

ਸ:ਭਗਤ ਸਿੰਘ ਜੀ ਬੀ.ਏ.ਐਲ.ਐਲ.ਬੀ.

ਵਕੀਲ ਗੁਜਰਾਂਵਾਲੀਆ, ਹਾਲ ਸ੍ਰੀ ਅਮ੍ਰਿਤਸਰ

ਸੋਖ] —:ਪ੍ਰਕਾਸ਼ਕ:— [iii)

ਭਾਃ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

(ਕੇਵਲ ਟਾਈਟਲ) "ਪਾਪੂਲਰ ਪ੍ਰੈਸ"

ਹਾਲ ਬਜ਼ਾਰ, ਅੰਮ੍ਰਿਤਸਰ ਵਿਚ ਛਪਿਆ ।

ੴ ਸਤਿਗੁਰਪ੍ਰਸਾਦਿ ॥

ਮਹਿੰਦ੍ ਕੁਮਾਰ ਅਰਥਾਤ ਮਦਨਿਰੰਜਨੀ

ਹਿਸਾ ਤੀਸਰਾ

ਪਹਿਲਾ ਭਾਗ

ਹੁਨ ਅਸੀ ਵਿਚਾਰੀ ਚੰਦ੍ਕਲਾ ਅਰ ਉਸਦੀ ਮਾਂ (ਰਾਨੀ ਸ੍ਰੀ ਮਤੀ) ਦੇ ਵਲ ਚਲਦੇ ਹਾਂ; ਕਿਉਂ ਜੋ ਉਹਨਾਂ ਦੁਖਿਆਰੀਆਂ ਸਹਾਇਤਾ ਕਰਨਵਾਲਾ ਐਸਵੇਲੇ ਕਿਸ਼ਨਪੁਰ ਵਿਚ ਕੋਈ ਨਹੀਂ, ਇਸ ਲਈ ਅਸੀ ਹੀ ਚਲਕੇ ਵਖੀਏ ਸ਼ਾਇਦ ਕਿਸੇ ਤੋਰਾਂ ਦੀ ਸਹਾਇਤਾ ਕਰ ਸਕੀਏ, ਜੇ ਐਸ ਵੇਲੇ ਅਸੀ ਵੀ ਉਹਨਾਂ ਦਾ ਸਾਥ ਛਡ ਦਿਆਂਗੇ ਤਾਂ ਅਸਚਰਜ ਨਹੀਂ ਜੇ ਉਹ ਸੋਮਦਤ ਦੇ ਵਿਚਾਰ ਤੋਂ ਦੁਖੀ ਹੋਕੇ ਆਪਨੇ ਪ੍ਰਾਨ ਤਿਆਗ ਦੇਨ ਅਰ ਫੇਰ ਸਾਡਾ ਕਿਸਾ ਅਗਾਹਾਂ ਨ ਚਲ ਸਕੇ, ਏਸ ਲਈ ਸਾਨੂੰ ਉਹਨਾਂ ਦੀ ਵੀ ਖਬਰਦਾਰੀ ਰਖਨੀ ਜਰੂਰੀ ਹੈ।

ਅਸੀ ਪਹਿਲਾਂ ਦਸ ਆਏ ਹਾਂ ਕਿ ਸੋਮਦਤ ਆਪਨੀ ਚਾਲ ਬਾਜੀਆਂ ਨਾਲ ਚੰਦ੍ਕਲਾ ਨੂੰ ਫਸਾਨਾ ਚਾਹੁੰਦਾ ਸੀ ਪਰ ਓ ਹਅਜੇਹੀ ਹੁਸ਼ਿਆਰ ਸੀ, ਕਿ ਹਰ ਪਾਸਿਓਂ ਉਸਨੂੰ ਧੋਖਾ ਦੇਕੇ ਕਾਠ ਦਾ ਉਲੂ ਬਨਾ ਦੇਂਦੀ ਅਰ ਆਪ ਬਿਲਕੁਲ

ਸਾਫ ਬਚ ਜਾਂਦੀ ਸੀ। ਜਦ ਚੰਦ੍ਰਕਲਾ ਨੇ ਵੇਖਿਆ ਕਿ ਉਹ ਅਧਰਮੀ ਨਿਰਲਜ ਅਜੇ ਤਕ ਆਪਨੀ ਚਲਾਕੀਆਂ ਤੋਂ ਬੇ ਫਿਕਰ ਨਹੀ ਹੈ ਸਗੋ ਦਿਨ ਦਿਨ ਵਧਦਾ ਹੀ ਜਾਂਦਾ ਹੈ ਤਾਂ ਉਸਨੇ ਇਕ ਦਿਨ ਆਪਨੀ ਮਾਤਾ ਨੂੰ ਕਿਹਾ:– "ਨੂਨ ਏਥੇ ਰਹਿਨਾ ਉਚਿਤ ਨਹੀਂ, ਜਿਥੋ ਤਕ ਜਲਦੀ ਹੋ ਸਕੇ ਏਥੋ ਭਜ ਨਿਕਲਨਾ ਹੀ ਚਙਾ ਹੈ। ਜੋ ਪ੍ਰਾਰਬਧ ਵਿਚ ਲਿਖਿਆ ਹੈ ਉਹ ਮਿਟ ਨਹੀਂ ਸਕਦਾ। ਪਰ! ਕੋਈ ਚਿੰਤਾ ਨਹੀਂ, ਮੈਂ ਬਹੁਤ ਸਾਰਾ ਧੰਨ ਆਪਨੇ ਕੋਲ ਛਪਾ ਰਖਿਆ ਹੋਇਆ ਹੈ। ਛੋਟੇ ਵਡੇ ਅਨਮੋਲ ਰਤਨ। ਅਸ਼ਰਫੀਆਂ ਆਭੂਸ਼ਨ ਮੇਰੇ ਕੋਲ ਹਨ ਜਿਨਹਾਂ ਦੀ ਸੋਮਦਤ ਨੂੰ ਜਰਾ ਵੀ ਖਬਰ ਨਹੀ ਅਰ ਜੋ ਸਾਡੀ ਸਾਰੀ ਉਮਰ ਖੁਸ਼ੀ ਅਰ ਅਮੀਰੀ ਠਾਠ ਵਿਚ ਬਤਾਨ ਲਈ ਬਹੁਤ ਹਨ। ਏਥੋਂ ਮੋਹਨੀ ਅਰ ਚੰਮੇਲੀ ਨੂੰ ਨਾਲ ਲੈਕੇ ਚੁਪ ਚਾਪ ਨਿਕਲ ਚਲੋ।"

ਰਾਨੀ ਸ੍ਰੀ ਮਤੀ ਨੇ ਚੰਦ੍ਰਕਲਾ ਦੀ ਗਲਪਸੰਦ ਕੀਤੀ ਅਰ ਰਾਤ ਨੂ ਏਹ ਦੋਵੇ ਮੋਹਨੀ ਅਰ ਚੰਮੇਲੀ ਨੂੰ ਨਾਲ ਲੈ ਮਹਲ ਦੇ ਪਿਛਲੇ ਵਾਲੇ ਦਰਵਾਜੇ ਤੋ ਬਾਹਿਰ ਹੋ ਗਈਆਂ ਮੋਹਨੀ ਅਰ ਚੰਮੇਲੀ ਦੇ ਕੋਲ ਦੋ ਤਿੰਨ ਗਠੜੀਆਂ ਜਰੂਰੀ ਸਮਾਨ, ਖਾਨ, ਪੀਨ, ਕਪੜੇ ਅਰ ਮਾਲ ਅਸਬਾਬ ਦੀਆਂ ਸਨ, ਸਭਨਾਂ ਨੇ ਉਪਰੋ ਦੀ ਇਕ ੨ ਮੈਲੀ ਚਾਦਰ ਲੈਲਈ ਜਿਸ ਕਰਕੇ ਕੋਈ ਪਛਾਨ ਨ ਸਕੇ, ਏਹ ਚਾਰੋਇਸਤਰੀਆਂ ਗਲੀਆਂ ਵਿਚ ਆਪਨੇ ਆਪਨੂ ਛਪਾਉਂਦੀਆਂ ਦੌੜੀਆਂ ਦੂਰ ਨਿਕਲ ਗਈਆਂ ਅਰ ਥੋੜੀ ਹੀ ਦੇਰ ਵਿਚ ਸ਼ਹਿਰੋ ਬਾਹਰ ਹੋਕੇ ਇਕ ਐਸੇ ਮਦਾਨ ਵਿਚ ਜਾ ਬੈਠੀਆਂ ਜਿਥੇ ਕਿਸੇ ਆਦਮੀ ਦੇ ਆਉਨ ਜਾਨ ਦਾ ਡਰ ਨਹੀ ਸੀ ਏਹਨਾ ਵਿਚਾਰੀਆਂ

ਨੂ ਕਾਹਦੇ ਵਾਸਤੇ ਪਹਿਲਾ ਕਦੀ ਐਡੀ ਦੂਰ ਪੈਦਲ ਚਲਨਾਂ ਪਿਆ ਹੋਵੇਗਾ, ਪਰ ਕਰਦੀਆਂ ਕੀਹ! ਦੁਖ ਦੀਆਂ ਘੜੀਆਂ ਕਿਸੇ ਨਾ ਕਿਸੇ ਤਰਾਂ ਸਹਿਨੀਆਂ ਹੀ ਪੈਂਦੀਆਂ ਹਨ। ਰਾਨੀ ਸ੍ਰੀ ਮਤੀ ਬੈਠਦਿਆਂ ਈ ਚੰਦ੍ਰਕਲਾ ਨੂ ਬੋਲੀ–"ਪੁਤਰੀ, ਹੁਨ ਮੈ ਬਹੁਤ ਥਕ ਗਈ ਹਾਂ ਕੀਹ ਕਰਾਂ ਤੇਰਾ ਕਿਥੇ ਜਾਨਦਾ ਖਿਆਲ ਹੈ?"

ਚੰਦ੍ਰਕਲਾ–"ਮਾਤਾ ਜੀ ਘਬਰਾਓ ਨਾ। ਮੈ ਹੁਨੇ ਹੀ ਸਵਾਰੀ ਦਾ ਬੰਦੋਬਸਤ ਕਰਦੀ ਹਾਂ। ਮੇਰੀ ਸਮਝ ਵਿਚ ਤਾਂ ਬਲਭਦਰ ਪੁਰ 'ਮਾਮਾ ਬਲਬੀਰ ਦਤ ਜੀ' ਦੇ ਕੋਲ ਜਾਨਾ ਹੀ ਠੀਕ ਹੋਵੇਗਾ॥'

ਸ੍ਰੀ ਮਤੀ–"ਹਾਂ ਹਾਂ ਮੈ ਭੀ ਇਹੋ ਕਹਿਨ ਵਾਲੀ ਸੀ ਚਙਾ ਤਾਂ ਸਵਾਰੀ ਮੰਗਾਓ, ਹਾਲੀ ਰਾਤ ਭੀ ਬਹੁਤ ਨਹੀ ਗਈ ਮੋਹਿਨੀ ਨੂ ਭੇਜ ਦਿਓ ਲੈ ਆਵੇਗੀ, ਪਰ ਦੇਖੋ, ਰਾਤ ਨ ਚਲਨਾ ਠੀਕ ਨਹੀ ਹੋਵੇਗਾ ਕਿਉਕਿ ਸਾਡੇ ਨਾਲ ਕੋਈ ਆਦਮੀ ਵੀ ਨਹੀ ਹੈ ਅਰ ਨ ਕੋਲ ਹਥਿਆਰ ਹੀ ਹੈ।'

ਚੰਦ੍ਰਕਲਾ–ਮੈਂ ਜੂ ਚਾਰ ਤਲਵਾਰਾਂ ਲੈ ਆਈ ਹਾਂ (ਮੋਹਨੀ ਨੂ) ਕਿਉਂ ਨੀ ਬੋਲਦੀ ਕਿਉ ਨਹੀ॥

ਮੋਹਨੀ–'ਹਾਂ ਜੀ ਮਹਾਰਾਨੀ ਜੀ, ਮੇਰੇ ਕੋਲ ਹਨ॥"

ਇਨਾਂ ਕਹਿਕੇ ਮੋਹਿਨੀ ਨੇ ਇਕ ਲੰਮੀ ਮਸਾਲ ਜਹੀ ਆਪਨੀ ਗੰਡ ਵਿਚੋ ਕਡਕੇ ਸਭਨਾਂ ਦੇ ਅਗੇ ਰਖ ਦਿਤੀ ਜੋਹੜ ਤਲਵਾਰਾਂ ਤੇ ਕਪੜਾ ਵਲੇਟਨ ਕਰਕੇ ਮਸਾਲ ਦੀ ਸ਼ਕਲ ਹੋ ਗਈ ਸੀ। ਅਰ ਕਿਹਾ "ਵੇਖੋ ਇਹ ਤੇੜ ਪਸੇਰੀ ਦਾ ਪੁਲਿੰਦਾ ਕੀਹ ਹੈ? ਜੀ ਤੁਸੀ ਡਰਦੀਆਂ ਕਿਉ ਜਾਂਦੀਆਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.